# ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ
## (ਲੜਕਿਆਂ / ਲੜਕੀਆਂ ਦੇ ਹੋਸਟਲ ਲਈ ਸੂਚਨਾ ਫਾਰਮ ਅਤੇ ਨਿਯਮਾਂਵਲੀ)

ਕੇਵਲ ਦਫ਼ਤਰੀ ਵਰਤੋਂ ਲਈ

Enrollment No…………………..

Room No……………… Session ……………….

ID Card No…………………

Photo

1 ਵਿਦਿਆਰਥੀ ਦਾ ਨਾਂ : ………………………………………………………………

2 ਰੋਲ ਨੰਬਰ :………………………………………………………………

3 ਕਲਾਸ :………………………………………………………………

4 ਕਾਲਜ ਦਾ ਨਾਂ :………………………………………………………………

5 ਹੋਸਟਲ ਕਿਰਾਇਆ ਅਤੇ ਰਸੀਦ ਨੰਬਰ ਤੇ ਮਿਤੀ :………………………………………………………

6 ਸੈਸ਼ਨ ਸ਼ੁਰੂ ਤੇ ਖਤਮ ਹੋਣ ਦਾ ਸਮਾਂ :………………………………………………………………

7 ਪਿਤਾ ਦਾ ਨਾਂ ਅਤੇ ਫੋਨ ਨੰਬਰ :………………………………………………………………

8 ਮਾਤਾ ਦਾ ਨਾਂ ਅਤੇ ਫੋਨ ਨੰਬਰ :………………………………………………………………

9 ਪਿਤਾ ਦਾ ਕਿੱਤਾ :………………………………………………………………

10 ਘਰ ਦਾ ਪੱਕਾ ਪਤਾ :………………………………………………………………

:………………………………………………………………

11 ਬਲੱਡ ਗਰੁੱਪ :………………………………………………………………

12 ਲੋਕਲ ਗਾਰਡੀਅਨ ਦਾ ਨਾਂ, :………………………………………………………………

ਪਤਾ ਅਤੇ ਵਿਦਿਆਰਥੀ ਨਾਲ :………………………………………………………………

ਰਿਸ਼ਤਾ, ਫੋਨ ਨੰਬਰ :………………………………………………………………

13 ਕੈਟਾਗਿਰੀ :………………………………………………………………

ਬਾਹਰਲੇ ਕਾਲਜਾਂ ਦੇ ਵਿਦਿਆਰਥੀਆਂ ਲਈ:-

ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਦੀ ਸਿਫਾਰਿਸ਼, ਹੋਸਟਲ ਦੀ ਠਹਿਰ ਦੌਰਾਨ ਇਹ ਵਿਦਿਆਰਥੀ ਹੋਸਟਲ ਦੇ ਨਿਯਮਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ/ਹੋਵੇਗੀ। ਜੇਕਰ ਇਹ ਵਿਦਿਆਰਥੀ ਕਿਸੇ ਕਿਸਮ ਦੀ ਉਲੰਘਣਾ ਕਰਦਾ/ਕਰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਇਸ ਕਾਲਜ ਦੀ ਹੋਵੇਗੀ।ਮੈਂ/ਮੇਰਾ ਨੁਮਾਇੰਦਾ ਆਪ ਜੀ ਨਾਲ ਅਤੇ ਹੋਸਟਲ ਵਾਰਡਨ ਨਾਲ ਸੰਪਰਕ ਬਣਾ ਕੇ ਰੱਖਾਂਗੇ।ਵਿਦਿਆਰਥੀ ਅਤੇ ਉਸ ਦੇ ਮਾਪਿਆਂ/ਗਾਰਡੀਅਨ ਦੁਆਰਾ ਦਿੱਤੇ ਗਏ ਸਵੈ ਘੋਸ਼ਣਾ ਪੱਤਰ ਉਪਰ ਹਸਤਾਖਰ ਮੇਰੇ ਸਾਹਮਣੇ ਕੀਤੇ ਗਏ ਹਨ।

ਪ੍ਰਿੰਸੀਪਲ ਦੇ ਹਸਤਾਖਰ

ਮਿਤੀ ਅਤੇ ਮੋਹਰ

ਕ੍ਰਿਪਾ ਕਰਕੇ ਮੈਨੂੰ ਹੋਸਟਲ ਵਿੱਚ ਕਮਰਾ ਦਿੱਤਾ ਜਾਵੇ ਜੀ। ਮੈਂ ਹੋਸਟਲ ਦੇ ਸਾਰੇ ਨਿਯਮ ਪੜ੍ਹ ਲਏ ਹਨ ਅਤੇ ਵਾਅਦਾ ਕਰਦਾ/ਕਰਦੀ ਹਾਂ ਕਿ ਮੈਂ ਹੋਸਟਲ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਾਂਗਾ/ਕਰਾਂਗੀ ਅਤੇ ਹੋਸਟਲ ਵੱਲੋਂ ਜਾਰੀ ਸ਼ਨਾਖਤੀ ਕਾਰਡ ਬਣਵਾ ਲਵਾਂਗਾ/ਲਵਾਂਗੀ।

(ਵਿਦਿਆਰਥੀ ਦੇ ਪੂਰੇ ਹਸਤਾਖਰ)

ਮੈਂ ਵਾਅਦਾ ਕਰਦਾ / ਕਰਦੀ ਹਾਂ ਕਿ ਮੇਰਾ ਲੜਕਾ / ਲੜਕੀ ਹੋਸਟਲ ਨਿਯਮਾਂ ਦੀ ਪਾਲਣਾ ਕਰੇਗਾ ਅਤੇ ਮੈਸ ਅਦਾਇਗੀ ਸਮੇਂ ਸਿਰ ਕਰੇਗਾ। ਹੋਸਟਲ ਨਿਯਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਤੇ ਇਸ ਨੂੰ ਹੋਸਟਲ ਵਿੱਚੋਂ ਕੱਢਿਆ ਜਾ ਸਕਦਾ ਹੈ।

ਮਿਤੀ ............................ (ਪਿਤਾ / ਗਾਰਡੀਅਨ ਦੇ ਪੂਰੇ ਹਸਤਾਖਰ)

ਪ੍ਰਤੀ ਹਸਤਾਖਰ ਪ੍ਰਿੰਸੀਪਲ ਵਾਰਡਨ ਦੇ ਹਸਤਾਖਰ

# ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ

## ਲੜਕਿਆਂ/ਲੜਕੀਆਂ ਦੇ ਹੋਸਟਲ ਦੇ ਨਿਯਮ

### (ਵਿਦਿਆਰਥੀ ਅਤੇ ਮਾਪੇ ਹੋਸਟਲ ਲੈਣ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲੈਣ)।

ਲੜੀ ਨੰ: 1 ਤੋਂ 24 ਤੱਕ ਨੁਕਤਿਆਂ ਨੂੰ ਪਾਲਣਾ ਕਰਨ ਦੀ/ਦਾ ਪਾਬੰਦ ਹੋਵਾਂਗੀ/ਹੋਵਾਂਗਾ। ਇਨ੍ਹਾਂ ਨੁਕਤਿਆਂ ਤੇ ਜੇ ਮੇਰੇ ਤੇ ਕੋਈ ਐਕਸ਼ਨ ਲਿਆ ਜਾਂਦਾ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

1 ਵਿਦਿਆਰਥੀ ਨੂੰ ਕਮਰਾ ਹੋਸਟਲ ਦੇ ਨਿਯਮਾਂ ਮੁਤਾਬਕ ਅਲਾਟ ਕੀਤਾ ਜਾਵੇਗਾ ਅਤੇ ਸੈਸ਼ਨ ਦੌਰਾਨ ਇੱਕ ਵਾਰ ਅਲਾਟ ਕੀਤਾ ਕਮਰਾ ਬਦਲਿਆ ਨਹੀਂ ਜਾਵੇਗਾ।

2 ਜੇਕਰ ਕਿਸੇ ਵਿਦਿਆਰਥੀ ਦਾ ਕੋਈ ਮਹਿਮਾਨ ਹੋਸਟਲ ਵਿੱਚ ਰਾਤ ਠਹਿਰਨਾ ਚਾਹੁੰਦਾ ਹੈ ਤਾਂ ਹੋਸਟਲਰ ਵਿਦਿਆਰਥੀ ਵਾਰਡਨ ਤੋਂ ਲਿਖਤੀ ਪ੍ਰਵਾਨਗੀ ਲੈ ਕੇ ਰਜਿਸਟਰ ਵਿੱਚ ਐਂਟਰੀ ਕਰਕੇ ਮਹਿਮਾਨ ਅੰਦਰ ਲਿਜਾ ਸਕਦਾ ਹੈ ਜਿਸ ਲਈ ਪ੍ਰਤੀ ਮਹਿਮਾਨ 200 ਰੁਪਏ ਅਦਾਇਗੀ ਕਰਨੀ ਹੋਵੇਗੀ। ਉਲੰਘਣਾ ਕਰਨ ਵਾਲੇ ਨੂੰ 500 ਰੁਪਏ ਜੁਰਮਾਨਾ ਹੋਵੇਗਾ।

3 ਫਰਨੀਚਰ ਲੈਂਦੇ ਸਮੇਂ ਵਿਦਿਆਰਥੀ ਨੇ ਰਜਿਸਟਰ ਵਿੱਚ ਹਸਤਾਖਰ ਕਰਨੇ ਹੋਣਗੇ। ਫ਼ਰਨੀਚਰ ਦੀ ਵਰਤੋਂ ਬੜੇ ਧਿਆਨ ਨਾਲ ਕਰਨੀ ਹੋਵੇਗੀ। ਹੋਸਟਲ ਛੱਡਣ ਤੋਂ ਪਹਿਲਾਂ ਵਿਦਿਆਰਥੀ ਨੂੰ ਚੋਕੀਦਾਰ ਪਾਸੋਂ ਇਹ ਸਰਟੀਫਿਕੇਟ ਲੈਣਾ ਹੋਵੇਗਾ ਕਿ ਉਸ ਵਿਦਿਆਰਥੀ ਨੇ ਸਾਰਾ ਫਰਨੀਚਰ ਸਹੀ ਹਾਲਤ ਵਿੱਚ ਮੋੜ ਦਿੱਤਾ ਹੈ ਅਤੇ ਹੋਸਟਲ ਛੱਡਣ ਦੀ ਮਿਤੀ ਰਜਿਸਟਰ ਵਿੱਚ ਦਰਜ ਕਰਵਾਈ ਜਾਵੇ।

4 ਹੋਸਟਲ ਦਾ ਮੁੱਖ ਦਰਵਾਜ਼ਾ ਬੰਦ ਹੋਣ ਦਾ ਸਮਾਂ ਲੜਕੀਆਂ ਲਈ ਗਰਮੀਆਂ ਵਿੱਚ ਸ਼ਾਮ 7:00 ਵਜੇ ਅਤੇ ਸਰਦੀਆਂ ਵਿੱਚ ਸ਼ਾਮ 6:00 ਵਜੇ ਹੋਵੇਗਾ। ਲੜਕਿਆਂ ਲਈ ਇਹ ਸਮਾਂ ਗਰਮੀਆਂ ਵਿੱਚ ਰਾਤ 9:30 ਵਜੇ ਅਤੇ ਸਰਦੀਆਂ ਵਿੱਚ ਰਾਤ 8:30 ਵਜੇ ਤੱਕ ਹੋਵੇਗਾ। ਇਸ ਉਪਰੰਤ ਹੋਸਟਲ ਵਿਚੋਂ ਬਾਹਰ ਜਾਣ ਜਾਂ ਅੰਦਰ ਆਉਣ ਵਾਲੇ ਵਿਦਿਆਰਥੀ ਨੂੰ 200 ਰੁਪਏ ਫਾਈਨ ਹੋਵੇਗਾ। ਕਿਸੇ ਖਾਸ ਹਾਲਤ ਦੌਰਾਨ ਰਾਤ ਨੂੰ ਲੇਟ ਆਉਣ/ਜਾਣ ਲਈ ਹੋਸਟਲ ਵਾਰਡਨ ਤੋਂ ਲਿਖਤੀ ਮਨਜ਼ੂਰੀ ਲੈਣੀ ਹੋਵੇਗੀ।

5 ਜੇਕਰ ਕਿਸੇ ਵਿਦਿਆਰਥੀ ਦੇ ਕਮਰੇ ਵਿੱਚੋਂ ਤਲਾਸ਼ੀ ਲੈਣ ਤੇ ਕਿਸੇ ਵੀ ਤਰੀਕੇ ਦਾ ਨਸ਼ੀਲਾ ਪਦਾਰਥ ਬੀੜੀ, ਸਿਗਰਟ, ਗੁਟਕਾ, ਸ਼ਰਾਬ ਆਦਿ) ਜਾਂ ਬਿਜਲੀ ਉਪਕਰਨ (ਹੀਟਰ, ਇਲੈਕਟ੍ਰਿਕ ਕੈਟਲ, ਪ੍ਰੈਸ, ਇੰਡਕਸ਼ਨ ਚੁੱਲ੍ਹਾ ਆਦਿ) ਫੜਿਆ ਜਾਂਦਾ ਹੈ ਤਾਂ ਉਸ ਨੂੰ ਕਮਰੇ ਵਿਚੋਂ ਕੱਢ ਦਿੱਤਾ ਜਾਵੇਗਾ। ਸਿਕਿਊਰਿਟੀ ਜ਼ਬਤ ਕਰ ਲਈ ਜਾਵੇਗੀ।

6 ਨਾ ਲੋੜ ਹੋਣ ਵੇਲੇ ਪੱਖੇ ਤੇ ਬੱਤੀਆਂ ਬੰਦ ਕਰ ਦੇਣੀਆਂ ਹੋਣਗੀਆਂ। ਕੋਈ ਵਿਦਿਆਰਥੀ ਹੀਟਰ ਜਾਂ ਬਿਜਲੀ ਨਾਲ ਚਲਣ ਵਾਲਾ ਕੋਈ ਜੰਤਰ ਨਹੀਂ ਵਰਤ ਸਕਦਾ। ਅਜਿਹਾ ਕਰਨ ਤੇ 500 ਰੁਪਏ ਜੁਰਮਾਨਾ ਹੋਵੇਗਾ ਤੇ ਜੰਤਰ ਜ਼ਬਤ ਕਰ ਲਿਆ ਜਾਵੇਗਾ ਅਤੇ ਪ੍ਰਬੰਧਕੀ ਕਾਰਵਾਈ ਕੀਤੀ ਜਾਵੇਗੀ। ਇੱਕ ਤੋਂ ਵੱਧ ਵਾਰ ਗਲਤੀ ਕਰਨ ਵਾਲੇ ਵਿਦਿਆਰਥੀ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

7 ਸਿਗਰਟ ਤੇ ਸ਼ਰਾਬ ਪੀਣਾ, ਕਿਸੇ ਵੀ ਪ੍ਰਕਾਰ ਦਾ ਕੋਈ ਨਸ਼ਾ ਕਰਨਾ, ਜੂਆ ਖੇਡਣਾ, ਪਾਰਟੀ ਕਰਨਾ ਜਾਂ ਅਜਿਹੀਆਂ ਕੋਈ ਵੀ ਹੋਰ ਗਤੀਵਿਧੀਆਂ ਕਰਨ ਦੀ ਹੋਸਟਲ ਵਿੱਚ ਸਖ਼ਤ ਮਨਾਹੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

8 ਹਰ ਵਿਦਿਆਰਥੀ ਲਈ ਮੈਸ ਵਿਚੋਂ ਹੀ ਖਾਣਾ ਲੈਣਾ ਪਵੇਗਾ। ਬਾਹਰਲੇ ਖਾਣੇ ਨੂੰ ਹੋਸਟਲ ਵਿੱਚ ਮੰਗਵਾਉਣ ਦੀ ਆਗਿਆ ਨਹੀਂ ਹੈ। ਜੇਕਰ ਵਿਦਿਆਰਥੀ 10 ਦਿਨ ਤੋਂ ਘੱਟ, ਮੈਸ ਵਿਚੋਂ ਖਾਣਾ ਖਾਂਦਾ ਹੈ ਤਾਂ ਘੱਟੋ ਘੱਟ 1200/- ਰੁਪਏ ਪ੍ਰਤੀ ਮਹੀਨਾ ਮੈਸ ਬਿੱਲ ਲਿਆ ਜਾਵੇਗਾ। ਪਰ ਜੇਕਰ ਕਿਸੇ ਵਿਦਿਆਰਥੀ ਨੂੰ ਵਿਸ਼ੇਸ਼ ਹਾਲਤ ਵਿੱਚ ਮੈਸ ਵਿਚੋਂ ਖਾਣਾ ਨਹੀਂ ਖਾਵੇਗਾ ਤਾਂ ਉਸ ਵਿਦਿਆਰਥੀ ਦਾ ਮੈਸ ਬਿੱਲ ਅਦਾਇਗੀ ਨਾ ਦੇਣ ਲਈ ਵਿਚਾਰਿਆ ਜਾਵੇਗਾ। ਉਹ ਵਿਦਿਆਰਥੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਤੋਂ ਅਰਜ਼ੀ ਮਨਜ਼ੂਰ ਕਰਵਾ ਕੇ, ਹੋਸਟਲ ਵਾਰਡਨ ਦੇ ਦਸਤਖ਼ਤ ਕਰਵਾਉਣ ਉਪਰੰਤ ਹੀ ਮੈਸ ਠੇਕੇਦਾਰ ਨੂੰ ਆਪਣੀ ਅਰਜੀ ਐਡਵਾਂਸ ਵਿਚ ਦੇਵੇਗਾ। ਕਾਲਜ ਦੇ ਪ੍ਰਿੰਸੀਪਲ ਅਤੇ ਹੋਸਟਲ ਵਾਰਡਨ ਦੀ ਜਾਣਕਾਰੀ ਤੋਂ ਬਗੈਰ ਗਏ ਵਿਦਿਆਰਥੀ ਤੋਂ ਪੂਰਾ ਮੈਸ ਬਿੱਲ ਲਿਆ ਜਾਵੇਗਾ।

9 ਅਗਰ ਕੋਈ ਵਿਦਿਆਰਥੀ ਡਾਈਟ ਸਿਸਟਮ ਨਾਲ ਡਾਈਟ ਲੈਣਾ ਚਾਹੁੰਦਾ ਹੈ ਤਾਂ ਡਾਈਟ ਦੇ ਰੇਟ (30/-ਰੁ: 40/-ਰੁ: ਅਤੇ 40/-ਰੁ:) ਤੈਅ ਕੀਤੇ ਗਏ ਰੇਟ ਮੁਤਾਬਕ ਡਾਈਟ ਲੈ ਸਕਦਾ ਹੈ ਅਤੇ ਹਰੇਕ ਮਹੀਨੇ ਇਸ ਦੀ ਪ੍ਰਵਾਨਗੀ ਹੋਸਟਲ ਵਾਰਡਨ ਤੋਂ ਲੈਣੀ ਪਵੇਗੀ। ਜੇਕਰ ਕਿਸੇ ਦਿਨ ਡਾਈਟ ਨਹੀਂ ਲੈਣੀ ਤਾਂ ਉਸ ਦੀ ਜਾਣਕਾਰੀ ਇੱਕ ਦਿਨ ਪਹਿਲਾਂ ਮੈਸ ਠੇਕੇਦਾਰ ਨੂੰ ਦੇਣੀ ਲਾਜ਼ਮੀ ਹੋਵੇਗੀ। ਨਹੀਂ ਤਾਂ ਡਾਈਟ ਨਾ ਲੈਣ ਦੇ ਬਾਵਜੂਦ ਪੂਰੀ ਡਾਈਟ ਦੇ ਪੈਸੇ ਭਰਨੇ ਪੈਣਗੇ।

10 ਸਾਰੇ ਵਿਦਿਆਰਥੀਆਂ ਨੂੰ ਸਾਂਝੇ ਲੰਗਰ ਵਿੱਚ ਸ਼ਾਮਲ ਹੋਣਾ ਪਵੇਗਾ ਅਤੇ ਨਿਯਤ ਸਮੇਂ ਉਤੇ ਇਕੱਠਿਆਂ ਭੋਜਨ ਕਰਨਾ ਪਵੇਗਾ। ਕਾਲਜ ਦੀ ਕਰਾਕਰੀ ਅਤੇ ਬਰਤਨ ਕਮਰਿਆਂ ਵਿੱਚ ਨਹੀਂ ਲਿਜਾਏ ਜਾ ਸਕਦੇ। ਮੈਸ ਵਿੱਚ ਵਾਲ ਖੋਲ ਕੇ ਜਾਂ ਸੋਰਟਸ ਪਾ ਕੇ ਆਉਣ ਦੀ ਮਨਾਹੀ ਹੈ।

11 ਪ੍ਰਿੰਸੀਪਲ ਅਤੇ ਵਾਰਡਨ ਜਾਂ ਪ੍ਰਿੰਸੀਪਲ ਵੱਲੋਂ ਅਧਿਕਾਰਤ ਵਿਅਕਤੀ ਆਪਣੀ ਮਰਜ਼ੀ ਅਨੁਸਾਰ ਕਿਸੇ ਵੇਲੇ ਵੀ ਹੋਸਟਲ ਦਾ ਨਿਰੀਖਣ ਕਰ ਸਕਦੇ ਹਨ। ਆਪਣੇ ਕਮਰਿਆਂ ਦੀ ਸਫ਼ਾਈ ਦੇ ਵਿਦਿਆਰਥੀ ਆਪ ਜ਼ਿੰਮੇਵਾਰ ਹੋਣਗੇ। ਹਰ ਇਕ ਵਿਦਿਆਰਥੀ ਲਈ ਕਮਰੇ ਵਿੱਚ ਆਪਣਾ ਡਸਟ ਬਿਨ ਰੱਖਣਾ ਜ਼ਰੂਰੀ ਹੈ।

12 ਅਗਰ ਕਿਸੇ ਵਿਦਿਆਰਥੀ ਨੇ ਹੋਸਟਲ ਵਿੱਚੋਂ ਛੁੱਟੀ ਲੈਣੀ ਹੈ ਤਾਂ ਉਸ ਦੀ ਲਿਖਤ ਜਾਣਕਾਰੀ ਵਾਰਡਨ ਨੂੰ ਦੇ ਕੇ ਲੀਵ ਬੁੱਕ ਤੇ ਐਂਟਰੀ ਕਰਨ ਉਪਰੰਤ ਵਾਰਡਨ ਦੇ ਹਸਤਾਖਰ ਕਰਕੇ ਹੀ ਛੁੱਟੀ ਮਨਜ਼ੂਰ ਕੀਤੀ ਜਾਵੇਗੀ। ਛੁੱਟੀ ਮਨਜ਼ੂਰ ਕਰਵਾਏ ਬਿਨਾਂ ਜਾਣ ਵਾਲੇ ਵਿਦਿਆਰਥੀਆਂ ਤੇ ਸਖਤ ਐਕਸ਼ਨ ਲਿਆ ਜਾਵੇਗਾ ਅਤੇ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

13 ਵਿਦਿਆਰਥੀਆਂ ਨੂੰ ਹੋਸਟਲ ਦਾ ਕਿਰਾਇਆ ਜਮ੍ਹਾ ਕਰਵਾ ਕੇ ਹੋਸਟਲ ਦਾਖ਼ਲ ਨਾ ਹੋਣ ਦੀ ਹਾਲਤ ਵਿੱਚ ਜਮ੍ਹਾ ਕਰਵਾਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ। ਪੂਰੇ ਸਾਲ ਲਈ ਹੋਸਟਲ ਦਾ ਕਿਰਾਇਆ ਇਕੱਠਾ ਜਮ੍ਹਾ ਕਰਵਾਉਣਾ ਪਵੇਗਾ।

14 ਮੈਸ ਦੀ ਅਦਾਇਗੀ ਹਰ ਮਹੀਨੇ 07 ਤਾਰੀਖ ਤੱਕ ਕਰਨੀ ਪਵੇਗੀ। ਇਸ ਪਿੱਛੋਂ 10 ਤਾਰੀਖ ਤੱਕ 10 ਰੁਪਏ ਅਤੇ 15 ਤਾਰੀਖ ਤੱਕ 20 ਰੁਪਏ ਪ੍ਰਤੀ ਦਿਨ ਜੁਰਮਾਨਾ ਦੇਣਾ ਹੋਵੇਗਾ ਅਤੇ 15 ਤਾਰੀਖ ਤੋਂ ਪਿੱਛੋਂ ਵਿਦਿਆਰਥੀ ਦੇ ਮਾਪਿਆਂ ਨੂੰ ਲਿਖਿਆ ਜਾਵੇਗਾ।

15 ਹੋਸਟਲ ਦੇ ਸਟਾਫ਼ ਜਾਂ ਮੈਸ ਕਰਮਚਾਰੀਆਂ ਨਾਲ ਝਗੜਾ ਕਰਨ ਦੀ ਸਖ਼ਤ ਮਨਾਹੀ ਹੈ। ਉਨ੍ਹਾਂ ਵਿਰੁੱਧ ਕੋਈ ਵੀ ਸ਼ਿਕਾਇਤ ਹੋਸਟਲ ਵਾਰਡਨ/ਪ੍ਰਿੰਸੀਪਲ ਦੇ ਨੋਟਿਸ ਵਿੱਚ ਲਿਖਤੀ ਰੂਪ ਵਿੱਚ ਲਿਆਂਦੀ ਜਾਵੇਗੀ। ਸ਼ਰਾਰਤੀ ਵਿਦਿਆਰਥੀ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

16 ਹੋਸਟਲ ਵਿੱਚ ਆਪਸੀ ਲੜਾਈ ਝਗੜਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਬਾਹਰੋਂ ਵਿਅਕਤੀ ਲਿਆ ਕੇ ਹੋਸਟਲ ਵਿੱਚ ਲੜਾਈ ਕਰਨ ਵਾਲੇ ਵਿਦਿਆਰਥੀ ਨੂੰ ਹੋਸਟਲ ਤੋਂ ਕੱਢਣ ਤੋਂ ਇਲਾਵਾ ਸੰਬੰਧਿਤ ਪ੍ਰਿੰਸੀਪਲ ਅਤੇ ਪੁਲਿਸ ਨੂੰ ਵੀ ਕਾਰਵਾਈ ਕਰਨ ਲਈ ਲਿਖਿਆ ਜਾਵੇਗਾ। ਹੋਸਟਲ ਵਿੱਚ ਰੌਲਾ, ਰੱਪਾ ਪਾਉਣ ਜਾਂ ਅਨੁਸਾਸ਼ਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਹੋਸਟਲ ਵਿਚੋਂ ਕੱਢਿਆ ਵੀ ਜਾ ਸਕਦਾ ਹੈ।

17 ਜੰਦਰੇ ਦੀ ਚਾਬੀ ਗੁੰਮ ਹੋਣ ਤੇ ਜੰਦਰਾ ਕੱਟਿਆ ਜਾਵੇ ਦਰਵਾਜ਼ੇ ਦੀ ਕੁੰਡੀ ਪੁੱਟਣ ਵਾਲੇ ਵਿਦਿਆਰਥੀ ਨੂੰ 500 ਰੁਪਏ ਜੁਰਮਾਨਾ ਹੋਵੇਗਾ। ਜੇਕਰ ਕੁੰਡੀ, ਦਰਵਾਜ਼ੇ ਅਤੇ ਹੋਸਟਲ ਪ੍ਰਾਪਰਟੀ ਨੂੰ ਵਿਦਿਆਰਥੀ ਰਾਹੀਂ ਨੁਕਸਾਨ ਪਹੁੰਚਾਇਆ ਜਾਂਦਾ ਹੈ ਤਾਂ ਨੁਕਸਾਨ ਦੀ ਭਰਪਾਈ ਵਿਦਿਆਰਥੀ ਤੋਂ ਕਰਵਾਈ ਜਾਵੇਗੀ। ਜੇਕਰ ਹੋਸਟਲ ਪ੍ਰਾਪਰਟੀ ਦੇ ਨੁਕਸਾਨ ਕਰਨ ਵਾਲੇ ਦਾ ਪਤਾ ਨਹੀਂ ਲਗਦਾ ਤਾਂ ਸਾਰੇ ਵਿਦਿਆਰਥੀਆਂ ਤੋਂ ਨੁਕਸਾਨ ਦੀ ਰਕਮ ਬਰਾਬਰ ਵਸੂਲ ਕੀਤੀ ਜਾਵੇਗੀ।

18 ਸਾਰਾ ਸਮਾਨ ਪੇਪਰ ਖਤਮ ਹੋਣ ਤੋਂ ਦੋ ਦਿਨਾਂ ਬਾਅਦ ਲਿਜਾਣਾ ਹੋਵੇਗਾ। ਅਜਿਹਾ ਨਾ ਕਰਨ ਤੇ ਜੰਦਰਾ ਤੋੜ ਕੇ ਸਮਾਨ ਸਟੋਰ ਵਿੱਚ ਰੱਖ ਦਿੱਤਾ ਜਾਵੇਗਾ ਅਤੇ ਪ੍ਰਿੰਸੀਪਲ/ਵਾਰਡਨ ਦੀ ਮਨਜ਼ੂਰੀ ਉਪਰੰਤ ਦਿੱਤਾ ਜਾਵੇਗਾ। ਸਮਾਨ ਗੁੰਮ ਹੋਣ ਦੀ ਵੀ ਸੰਸਥਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਮਾਨ ਲੇਟ ਲਿਜਾਣ ਤੇ 50 ਰੁਪਏ ਪ੍ਰਤੀ ਦਿਨ ਜੁਰਮਾਨਾ ਹੋਵੇਗਾ।

19 ਰੂਮ ਸਰਵਿਸ ਨਹੀਂ ਕੀਤੀ ਜਾਵੇਗੀ। ਸਿਰਫ ਬਿਮਾਰੀ ਦੀ ਹਾਲਤ ਵਿੱਚ ਰੂਮ ਮੇਟ ਖਾਣਾ/ਚਾਹ ਆਦਿ ਕਮਰੇ ਵਿੱਚ ਲੈ ਕੇ ਜਾ ਸਕਦਾ ਹੈ।

20 ਬੀ.ਐਡ. ਦਾ ਸੈਸ਼ਨ ਖਤਮ ਹੋਣ ਉਪਰੰਤ ਹੋਸਟਲ ਮੈਸ ਬੰਦ ਕਰ ਦਿੱਤੀ ਜਾਵੇਗੀ ਅਤੇ ਪੇਪਰ ਖਤਮ ਹੋਣ ਤੋਂ ਇੱਕ ਦਿਨ ਬਾਅਦ ਹੋਸਟਲ ਖਾਲੀ ਕਰ ਦਿੱਤਾ ਜਾਵੇ। ਜਦੋਂ ਵੀ ਵਿਦਿਆਰਥੀ ਕਮਰਾ ਖਾਲੀ ਕਰੇਗਾ ਤਾਂ ਉਹ ਆਪਣਾ ਸਾਰਾ ਸਮਾਨ ਨਾਲ ਲੈ ਕੇ ਜਾਵੇਗਾ। ਕਿਸੇ ਵੀ ਵਿਦਿਆਰਥੀ ਦਾ ਸਮਾਨ ਹੋਸਟਲ ਵਿੱਚ ਨਹੀਂ ਰੱਖਿਆ ਜਾਵੇਗਾ।

21 ਕਿਸੇ ਵੀ ਵਿਦਿਆਰਥੀ ਨੂੰ ਹੋਸਟਲ ਦੇ ਕਮਰੇ ਵਿੱਚ ਆਪਣਾ ਸਾਈਕਲ ਜਾਂ ਸਕੂਟਰ ਖੜਾਉਣ ਦੀ ਮਨਾਹੀ ਹੈ। ਆਪਣਾ ਸਾਈਕਲ ਜਾਂ ਸਕੂਟਰ ਪਾਰਕਿੰਗ ਸ਼ੈਡ ਵਿੱਚ ਹੀ ਖੜਾਇਆ ਜਾਵੇ। ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

22 ਸੈਸ਼ਨ ਦੌਰਾਨ ਜੇਕਰ ਸਰਕਾਰ ਵੱਲੋਂ ਕਾਲਜ ਬੰਦ ਕੀਤਾ ਜਾਂਦਾ ਹੈ ਤਾਂ ਹੋਸਟਲ ਵੀ ਬੰਦ ਕੀਤੇ ਜਾਣਗੇ ਅਤੇ ਵਿਦਿਆਰਥੀ ਹੋਸਟਲ ਖਾਲੀ ਕਰਨ ਲਈ ਪਾਬੰਦ ਹੋਵੇਗਾ। ਹੋਸਟਲ ਖਾਲੀ ਕਰਨ ਸਮੇਂ ਹੋਸਟਲ ਅਥਾਰਿਟੀ ਅਤੇ ਮੈਸ ਠੇਕੇਦਾਰ ਤੋਂ ਨੋ-ਡਿਊਜ਼ ਕਰਵਾਉਣਾ ਜ਼ਰੂਰੀ ਹੋਵੇਗਾ।

23 ਹੋਸਟਲ ਦੇ ਕਮਰਿਆਂ ਨੂੰ ਰੰਗ ਰੋਗਨ ਕਰਵਾ ਦਿੱਤਾ ਗਿਆ ਹੈ। ਕਿਸੇ ਵੀ ਵਿਦਿਆਰਥੀ ਨੂੰ ਕਮਰੇ ਵਿੱਚ ਵਾਲ ਪੇਪਰ ਲਗਾਉਣ ਦੀ ਆਗਿਆ ਨਹੀਂ ਹੈ। ਕਮਰੇ ਨੂੰ ਸਾਫ਼ ਸੁਥਰਾ ਰੱਖਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ। ਪਾਲਣਾ ਨਾ ਕਰਨ ਵਾਲੇ ਵਿਦਿਆਰਥੀ 1000/- ਰੁਪਏ ਜੁਰਮਾਨਾ ਕੀਤਾ ਜਾਵੇਗਾ।

24 ਹੋਸਟਲ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ ਨੂੰ 1000/- ਰੁਪਏ ਫਾਈਨ ਕੀਤਾ ਜਾਵੇਗਾ ਅਤੇ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।

ਮੈਂ ਉਪਰੋਕਤ ਨੂੰ ਪੜ੍ਹ ਲਿਆ ਹੈ ਇਨ੍ਹਾਂ ਦੀ ਪਾਲਣਾ ਕਰਾਂਗਾ/ਕਰਾਂਗੀ। ਜੇਕਰ ਮੈਂ ਉਪਰੋਕਤ ਸ਼ਰਤਾਂ ਦੀ ਉਲੰਘਣਾ ਕਰਾਂਗਾ / ਕਰਾਂਗੀ ਤਾਂ ਮੈਂ ਕਾਲਜ ਵੱਲੋਂ ਦਿੱਤੀ ਸਜ਼ਾ ਦਾ / ਦੀ ਹੱਕਦਾਰ ਹੋਵਾਂਗਾ / ਹੋਵਾਂਗੀ।

ਦਸਤਖਤ ਵਿਦਿਆਰਥੀ ਦੇ ਮਾਪੇ　　　　　　　　　　ਵਿਦਿਆਰਥੀ ਦੇ ਪੂਰੇ ਹਸਤਾਖਰ

# ਸਵੈ ਘੋਸ਼ਣਾ

Student's Photo

ਮੈਂ ............................................... ਪੁੱਤਰ/ਪੁੱਤਰੀ ................................ ਵਾਸੀ ......................................
.................................................................................. ਜ਼ਿਲ੍ਹਾ ........................... ਦਾ ਰਹਿਣ ਵਾਲਾ/ਵਾਲੀ ਹਾਂ।

ਮੈਂ .................................................... ਕਾਲਜ............................ ਵਿੱਚ ਕਲਾਸ ................... ਦਾ/ਦੀ ਵਿਦਿਆਰਥੀ ਹਾਂ, ਮੇਰਾ ਕਲਾਸ ਰੋਲ ਨੰ: ................................. ਹੈ।

ਮੈਂ ਸਵੈ ਘੋਸ਼ਣਾ ਕਰਦਾ / ਕਰਦੀ ਹਾਂ ਕਿ:-

1 ਮੈਂ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਦੇ ਲੜਕਿਆਂ / ਲੜਕੀਆਂ ਦੇ ਹੋਸਟਲ ਠਹਿਰ ਦੌਰਾਨ ਕਾਲਜ ਦੀ ਮੈਨੇਜਮੈਂਟ / ਕਮੇਟੀ ਵੱਲੋਂ ਬਣਾਏ ਨਿਯਮਾਂ ਨੂੰ ਮੰਨਣ ਲਈ ਪਾਬੰਦ ਹੋਵਾਂਗਾ / ਹੋਵਾਂਗੀ।

2 ਮੈਂ ਕਿਸੇ ਕਿਸਮ ਦੇ ਨਸ਼ੇ ਜਿਵੇਂ ਸ਼ਰਾਬ, ਅਫੀਮ, ਸਮੈਕ, ਸਿਗਰਟ, ਬੀੜੀ ਆਦਿ ਦੀ ਵਰਤੋਂ ਨਹੀਂ ਕਰਾਂਗਾ/ ਕਰਾਂਗੀ।

3 ਮੈਂ ਆਪਣੇ ਮੋਟਰ ਸਾਈਕਲ/ਸਕੂਟਰ/ਸਾਈਕਲ ਦਾ ਆਪ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ। ਛੁੱਟੀਆਂ ਦੌਰਾਨ ਮੈਂ ਆਪਣੇ ਸਾਈਕਲ, ਸਕੂਟਰ, ਮੋਟਰ ਸਾਈਕਲ ਨੂੰ ਹੋਸਟਲ ਵਿੱਚ ਖੜਾ ਨਹੀਂ ਕਰਾਂਗਾ/ਕਰਾਂਗੀ।

4 ਮੈਂ ਕਿਸੇ ਵੀ ਕਿਸਮ ਦਾ ਗੈਸਟ ਹੋਸਟਲ ਅੰਦਰ ਬਿਨਾਂ ਆਗਿਆ ਨਹੀਂ ਠਹਿਰਾਵਾਂਗਾਂ/ਠਹਿਰਾਵਾਂਗੀ।

5 ਮੈਂ ਹੋਸਟਲ ਦੇ ਰੱਖ ਰਖਾਵ ਅਤੇ ਸਾਂਭ ਸੰਭਾਲ ਕਰਾਂਗਾ / ਕਰਾਂਗੀ ਅਤੇ ਕਿਸੇ ਪ੍ਰਕਾਰ ਦਾ ਨੁਕਸਾਨ ਨਹੀਂ ਕਰਾਂਗਾ/ਕਰਾਂਗੀ। ਜੇਕਰ ਮੇਰੇ ਕਾਰਣ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਭਰਪਾਈ ਮੇਰੇ ਦੁਆਰਾ ਕੀਤੀ ਜਾਵੇਗੀ।

6 ਮੈਂ ਹੋਸਟਲ ਅੰਦਰ ਖਾਣਾ ਹਮੇਸ਼ਾਂ ਮੈਸ ਹਾਲ ਅੰਦਰ ਹੀ ਖਾਵਾਂਗਾ/ਖਾਵਾਂਗੀ ਅਤੇ ਬਿੱਲ ਨਿਰਧਾਰਿਤ ਸਮੇਂ ਤੇ ਭਰਾਂਗਾਂ / ਭਰਾਂਗੀ।

7 ਮੈਂ ਕਿਸੇ ਕਿਸਮ ਦੀ ਗੈਰ ਕਾਨੂੰਨੀ ਗਤੀਵਿਧੀ ਵਿੱਚ ਹਿੱਸਾ ਨਹੀਂ ਲਵਾਂਗਾ/ਲਵਾਂਗੀ।

8 ਮੈਂ ਹੋਸਟਲ ਵਿੱਚ ਅੰਦਰ ਪ੍ਰੈਸ, ਹੀਟਰ ਅਤੇ ਸਾਊਂਡ ਸਿਸਟਮ ਨਹੀਂ ਰੱਖਾਂਗਾ/ਰੱਖਾਂਗੀ।

9 ਮੈਂ ਹੋਸਟਲ ਅਥਾਰਟੀ ਅਤੇ ਹੋਸਟਲ ਦੇ ਬਾਕੀ ਵਿਦਿਆਰਥੀਆਂ ਦਾ ਸਤਿਕਾਰ ਕਰਾਂਗਾ/ਕਰਾਂਗੀ।

10 ਮੈਂ ਕਿਸੇ ਵਿਦਿਆਰਥੀ ਦੀ ਰੈਗਿੰਗ ਨਹੀਂ ਕਰਾਂਗਾ/ਕਰਾਂਗੀ ਅਤੇ ਕਿਸੇ ਕਿਸਮ ਦੀ ਧੜੇਬੰਦੀ ਦਾ ਹਿੱਸਾ ਨਹੀਂ ਬਣਾਂਗਾ/ਬਣਾਂਗੀ।

11 ਜੇਕਰ ਮੈਂ 15 ਦਿਨ ਜਾਂ ਉਸ ਤੋਂ ਘੱਟ ਦਿਨਾਂ ਲਈ ਹੋਸਟਲ ਵਿੱਚ ਠਹਿਰਦਾ ਤਾਂ ਮੈਂ 200/- ਰੁ: ਪ੍ਰਤੀ ਦਿਨ ਦੇ ਹਿਸਾਬ ਨਾਲ ਮੈਸ ਬਿੱਲ ਦੇਣ ਦਾ ਪਾਬੰਦ ਹੋਵਾਂਗਾ/ਹੋਵਾਂਗੀ। ਇਸ ਸੰਬੰਧ ਵਿੱਚ ਮੈਂ ਕਾਲਜ ਦੇ ਪ੍ਰਿੰਸੀਪਲ ਅਤੇ ਹੋਸਟਲ ਵਾਰਡਨ ਤੋਂ ਬਿਨੈ ਪੱਤਰ ਮਨਜ਼ੂਰ ਕਰਵਾ ਕੇ ਮੈਸ ਠੇਕੇਦਾਰ ਕੋਲ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ।

12 ਮੈਂ ਹੋਸਟਲ ਵਿੱਚ, ਹੋਸਟਲ ਦਾ ਮੇਨ ਗੇਟ ਬੰਦ ਹੋਣ ਤੋਂ ਪਹਿਲਾਂ ਸਹੀ ਸਮੇਂ ਹੋਸਟਲ ਵਿੱਚ ਅੰਦਰ ਆਵਾਂਗਾ/ਆਵਾਂਗੀ। ਪ੍ਰਾਈਵੇਟ ਕੋਚਿੰਗ ਲੈਣ ਲਈ ਕੋਈ ਛੋਟ ਦੀ ਮੰਗ ਨਹੀਂ ਕਰਾਂਗਾ/ਕਰਾਂਗੀ।

13 ਮੈਂ ਹੋਸਟਲ ਦੇ ਕਮਰਿਆਂ ਵਿੱਚ ਵਾਲ ਪੇਪਰ ਨਹੀਂ ਲਗਾਵਾਂਗਾ/ਲਗਾਵਾਂਗੀ। ਕਮਰੇ ਨੂੰ ਸਾਫ਼ ਸੁਥਰਾ ਰੱਖਣ ਦੀ ਜ਼ਿੰਮੇਵਾਰੀ ਮੇਰੀ ਹੋਵੇਗੀ। ਪਾਲਣਾ ਨਾ ਕਰਨ ਦੀ ਸੂਰਤ ਵਿੱਚ 1000/- ਰੁਪਏ ਜੁਰਮਾਨਾ ਦੇਵਾਂਗਾ/ਦੇਵਾਂਗੀ।

ਮੈਂ ਪੂਰੀ ਸੂਝ-ਬੂਝ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ ਜੇਕਰ ਮੈਂ ਉਪਰੋਕਤ ਕਿਸੇ ਇੱਕ ਨਿਯਮ ਦੀ ਵੀ ਉਲੰਘਣਾ ਕੀਤੀ ਤਾਂ ਮੈਂ ਅਥਾਰਿਟੀ/ਹੋਸਟਲ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਜੁਰਮਾਨੇ ਅਤੇ ਸਜ਼ਾ ਦਾ/ਦੀ ਹੱਕਦਾਰ ਹੋਵਾਂਗਾ/ਹੋਵਾਂਗੀ।

ਘੋਸ਼ਣਾ ਕਰਤਾ ਦੇ ਪੂਰੇ ਹਸਤਾਖਰ
ਮੋਬਾਇਲ ਨੰ: .....................
ਆਧਾਰ ਕਾਰਡ ਨੰ: (ਸਮੇਤ ਪਰੂਫ) ................................

# ਸਵੈ ਘੋਸ਼ਣਾ

Parent's Photo

ਮੈਂ ............................................. ਪੁੱਤਰ/ਪੁੱਤਰੀ ................................ ਵਾਸੀ ......................................

............................................................................................. ਜ਼ਿਲ੍ਹਾ ......................... ਦਾ ਰਹਿਣ ਵਾਲਾ/ਵਾਲੀ ਹਾਂ।

ਮੇਰਾ ਪੁੱਤਰ / ਪੁੱਤਰੀ ................................................ ਕਾਲਜ............................ ਵਿੱਚ ਕਲਾਸ ................... ਦਾ/ਦੀ ਵਿਦਿਆਰਥੀ ਹੈ, ਉਸ ਦਾ ਕਲਾਸ ਰੋਲ ਨੰ: ................................. ਹੈ।

ਮੈਂ ਸਵੈ ਘੋਸ਼ਣਾ ਕਰਦਾ / ਕਰਦੀ ਹਾਂ ਕਿ:-

1 ਉਹ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਦੇ ਲੜਕਿਆਂ / ਲੜਕੀਆਂ ਦੇ ਹੋਸਟਲ ਠਹਿਰ ਦੌਰਾਨ ਕਾਲਜ ਦੀ ਮੈਨੇਜਮੈਂਟ / ਕਮੇਟੀ ਵੱਲੋਂ ਬਣਾਏ ਨਿਯਮਾਂ ਨੂੰ ਮੰਨਣ ਲਈ ਪਾਬੰਦ ਹੋਵੇਗਾ / ਹੋਵੇਗੀ।

2 ਉਹ ਕਿਸੇ ਕਿਸਮ ਦੇ ਨਸ਼ੇ ਜਿਵੇਂ ਸ਼ਰਾਬ, ਅਫੀਮ, ਸਮੈਕ, ਸਿਗਰਟ, ਬੀੜੀ ਆਦਿ ਦੀ ਵਰਤੋਂ ਨਹੀਂ ਕਰੇਗਾ/ ਕਰੇਗੀ।

3 ਉਹ ਆਪਣੇ ਮੋਟਰ ਸਾਈਕਲ/ਸਕੂਟਰ/ਸਾਈਕਲ ਦਾ ਆਪ ਜ਼ਿੰਮੇਵਾਰ ਹੋਵੇਗਾ/ਹੋਵੇਗੀ। ਛੁੱਟੀਆਂ ਦੌਰਾਨ ਉਹ ਆਪਣੇ ਸਾਈਕਲ, ਸਕੂਟਰ, ਮੋਟਰ ਸਾਈਕਲ ਨੂੰ ਹੋਸਟਲ ਵਿੱਚ ਖੜਾ ਨਹੀਂ ਕਰੇਗਾ/ਕਰੇਗੀ।

4 ਉਹ ਕਿਸੇ ਵੀ ਕਿਸਮ ਦਾ ਗੈਸਟ ਹੋਸਟਲ ਅੰਦਰ ਬਿਨਾਂ ਆਗਿਆ ਨਹੀਂ ਠਹਿਰਾਵੇਗਾਂ/ਠਹਿਰਾਵੇਗੀ।

5 ਉਹ ਹੋਸਟਲ ਦਾ ਰੱਖ ਰਖਾਵ ਅਤੇ ਸਾਂਭ ਸੰਭਾਲ ਕਰੇਗਾ / ਕਰੇਗੀ ਅਤੇ ਕਿਸੇ ਪ੍ਰਕਾਰ ਦਾ ਨੁਕਸਾਨ ਨਹੀਂ ਕਰੇਗਾ/ਕਰੇਗੀ। ਜੇਕਰ ਉਸਦੇ ਕਾਰਣ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਭਰਪਾਈ ਮੈਂ ਕਰਾਂਗਾਂ/ਕਰਾਂਗੀ।

6 ਉਹ ਹੋਸਟਲ ਅੰਦਰ ਖਾਣਾ ਹਮੇਸ਼ਾਂ ਮੈਸ ਹਾਲ ਅੰਦਰ ਹੀ ਖਾਵੇਗਾ/ਖਾਵੇਗੀ ਅਤੇ ਬਿੱਲ ਨਿਰਧਾਰਿਤ ਸਮੇਂ ਤੇ ਭਰੇਗਾ / ਭਰੇਗੀ।

7 ਉਹ ਕਿਸੇ ਕਿਸਮ ਦੀ ਗੈਰ ਕਾਨੂੰਨੀ ਗਤੀਵਿਧੀ ਵਿੱਚ ਹਿੱਸਾ ਨਹੀਂ ਲਵੇਗਾ/ਲਵੇਗੀ।

8 ਉਹ ਹੋਸਟਲ ਅੰਦਰ ਪ੍ਰੈਸ, ਹੀਟਰ ਅਤੇ ਸਾਊਂਡ ਸਿਸਟਮ ਨਹੀਂ ਰੱਖੇਗਾ/ਰੱਖੇਗੀ।

9 ਉਹ ਹੋਸਟਲ ਅਥਾਰਟੀ ਅਤੇ ਹੋਸਟਲ ਦੇ ਬਾਕੀ ਵਿਦਿਆਰਥੀਆਂ ਦਾ ਸਤਿਕਾਰ ਕਰੇਗਾ/ਕਰੇਗੀ।

10 ਉਹ ਕਿਸੇ ਵਿਦਿਆਰਥੀ ਦੀ ਰੈਗਿੰਗ ਨਹੀਂ ਕਰੇਗਾ/ਕਰੇਗੀ ਅਤੇ ਕਿਸੇ ਕਿਸਮ ਦੀ ਧੜੇਬੰਦੀ ਦਾ ਹਿੱਸਾ ਨਹੀਂ ਬਣੇਗਾ/ਬਣੇਗੀ।

11 ਜੇਕਰ ਮੇਰਾ ਪੁੱਤਰ/ਪੁੱਤਰੀ 15 ਦਿਨ ਜਾਂ ਉਸ ਤੋਂ ਘੱਟ ਦਿਨਾਂ ਲਈ ਹੋਸਟਲ ਵਿੱਚ ਠਹਿਰਦਾ ਹੈ ਤਾਂ ਉਹ 200/- ਰੁ: ਪ੍ਰਤੀ ਦਿਨ ਦੇ ਹਿਸਾਬ ਨਾਲ ਮੈਸ ਬਿੱਲ ਦੇਣ ਦਾ/ਦੀ ਪਾਬੰਦ ਹੋਵੇਗਾ/ਹੋਵੇਗੀ।

12 ਉਹ ਹੋਸਟਲ ਵਿੱਚ, ਹੋਸਟਲ ਦਾ ਮੇਨ ਗੇਟ ਬੰਦ ਹੋਣ ਤੋਂ ਪਹਿਲਾਂ ਸਹੀ ਸਮੇਂ ਹੋਸਟਲ ਵਿੱਚ ਅੰਦਰ ਆਵੇਗਾ/ਆਵੇਗੀ। ਪ੍ਰਾਈਵੇਟ ਕੋਚਿੰਗ ਲੈਣ ਲਈ ਕੋਈ ਛੋਟ ਦੀ ਮੰਗ ਨਹੀਂ ਕਰੇਗਾ/ਕਰੇਗੀ।

13 ਉਹ ਹੋਸਟਲ ਦੇ ਕਮਰਿਆਂ ਵਿੱਚ ਵਾਲ ਪੇਪਰ ਨਹੀਂ ਲਗਾਵੇਗਾ/ਲਗਾਵੇਗੀ। ਕਮਰੇ ਨੂੰ ਸਾਫ਼ ਸੁਥਰਾ ਰੱਖਣ ਦੀ ਜ਼ਿੰਮੇਵਾਰੀ ਉਸਦੀ ਹੋਵੇਗੀ। ਪਾਲਣਾ ਨਾ ਕਰਨ ਦੀ ਸੂਰਤ ਵਿੱਚ 1000/- ਰੁਪਏ ਜੁਰਮਾਨਾ ਦੇਵੇਗਾ/ਦੇਵੇਗੀ।

ਮੈਂ ਪੂਰੀ ਸੂਝ-ਬੂਝ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ ਜੇਕਰ ਉਹ ਉਪਰੋਕਤ ਕਿਸੇ ਇੱਕ ਨਿਯਮ ਦੀ ਵੀ ਉਲੰਘਣਾ ਕਰਦਾ/ਕਰਦੀ ਹੈ ਤਾਂ ਉਹ ਅਥਾਰਿਟੀ/ਹੋਸਟਲ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਜੁਰਮਾਨੇ ਅਤੇ ਸਜ਼ਾ ਦਾ/ਦੀ ਹੱਕਦਾਰ ਹੋਵੇਗਾ/ਹੋਵੇਗੀ।

ਘੋਸ਼ਣਾ ਕਰਤਾ ਦੇ ਪੂਰੇ ਹਸਤਾਖਰ

ਮੋਬਾਇਲ ਨੰ: .....................

ਆਧਾਰ ਕਾਰਡ ਨੰ: (ਸਮੇਤ ਪਰੂਫ) ................................